Punjabi 5/29/2020

# TLC ਕਾਰਜ-ਵਿਹਾਰ

- ਲਸੰਸ ਸੰਬੰਧੀ ਕੰਮ (ਲੌਂਗ ਆਈਲੈਂਡ ਸਿਟੀ)
  - ਦਫਤਰ ਸੋਮਵਾਰ, ਬੁੱਧਵਾਰ, ਅਤੇ ਸ਼ੁੱਕਰਵਾਰ ਨੂੰ ਸਵੇਰ ਦੇ 8 ਵਜੇ ਤੋਂ ਲੈ ਕੇ ਸ਼ਾਮ ਦੇ 4 ਵਜੇ ਤੱਕ ਖੁਲ੍ਹੇ ਰਹਿਣਗੇ, ਅਤੇ ਕੇਵਲ ਅਪਾਇੰਟਮੈਂਟ ਲੈ ਕੇ ਹੀ ਜਾਇਆ ਜਾ ਸਕਦਾ ਹੈ।
  - ਅਪਾਇੰਟਮੈਂਟ ਦਾ ਸਮਾਂ ਨਿਰਧਾਰਤ ਕਰਨ ਲਈ **NYC TLC ਔਨਲਾਈਨ ਅਪਾਇੰਟਮੈਂਟ ਸਿਸਟਮ** 'ਤੇ ਜਾਓ।
  - **ਮੌਜੂਦਾ ਅਪਾਇੰਟਮੈਂਟਾਂ**: ਮੌਜੂਦਾ ਅਪਾਇੰਟਮੈਂਟਾਂ ਵਾਲੇ ਵਿਅਕਤੀਆਂ ਦੀ ਸੇਵਾ ਕਰਨੀ ਜਾਰੀ ਰੱਖੀ ਜਾਏਗੀ। ਜੇਕਰ ਤੁਹਾਨੂੰ ਆਪਣੀ ਅਪਾਇੰਟਮੈਂਟ ਦਾ ਸਮਾਂ ਦੁਬਾਰਾ ਨਿਰਧਾਰਤ ਕਰਨ ਜਾਂ ਇਸ ਨੂੰ ਰੱਦ ਕਰਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੇ ਅਪਾਇੰਟਮੈਂਟ ਪੁਸ਼ਟੀਕਰਨ ਈਮੇਲ ਵਿੱਚ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੋ।
  - **ਔਨਲਾਈਨ ਜਾਣਕਾਰੀ ਅਤੇ ਲੈਣ-ਦੇਣ**: ਕਿਰਪਾ ਕਰਕੇ ਹੇਠਲੀ ਵਿੱਚੋਂ ਕਿਸੇ ਵੀ ਜਾਣਕਾਰੀ ਲਈ TLC ਨਾਲ ਔਨਲਾਈਨ ਸੰਪਰਕ ਕਰੋ:
    - ਆਪਣੇ ਲਸੰਸ, ਦਰਖ਼ਾਸਤ ਦੀ ਮਿਤੀ, ਸਮਾਪਤੀ ਮਿਤੀ, ਆਉਣ ਵਾਲੀਆਂ ਡ੍ਰੱਗ ਜਾਂਚਾਂ ਦੇ ਸਟੇਟਸ ਦੀ ਜਾਂਚ ਕਰਨ ਲਈ ਅਤੇ ਹੋਰਨਾਂ ਲੋੜਾਂ ਦੇ ਲਈ, ਦਿਨ ਵਿੱਚ 24 ਘੰਟੇ, ਹਫਤੇ ਵਿੱਚ 7 ਦਿਨ ਕਿਸੇ ਵੀ ਸਮੇਂ **TLC UP** ਨੂੰ ਵਿਜ਼ਿਟ ਕਰੋ।
    - ਆਪਣੀ ਸੰਪਰਕ ਜਾਣਕਾਰੀ ਨੂੰ ਅੱਪਡੇਟ ਕਰਨ ਲਈ, ਕਿਰਪਾ ਕਰਕੇ ਦਿਨ ਵਿੱਚ 24 ਘੰਟੇ, ਹਫਤੇ ਵਿੱਚ 7 ਦਿਨ ਕਿਸੇ ਵੀ ਸਮੇਂ **LARS** ਨੂੰ ਵਿਜ਼ਿਟ ਕਰੋ।
    - ਹਾਲੇ ਵੀ ਸਵਾਲ ਹਨ ਜਾਂ ਸਹਾਇਤਾ ਚਾਹੀਦੀ ਹੈ? TLC ਸਟਾਫ ਦੂਰ ਰਹਿੰਦੇ ਹੋਏ ਤੁਹਾਡੇ ਸਵਾਲਾਂ ਦਾ ਜਵਾਬ ਦੇਣ ਲਈ ਉਪਲਬਧ ਹਨ। ਕਿਰਪਾ ਕਰਕੇ licensinginquiries@tlc.nyc.gov 'ਤੇ ਈਮੇਲ ਕਰੋ ਜਾਂ TLC ਕਾਲ ਕੇਂਦਰ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰ ਦੇ 8:30 ਵਜੇ ਤੋਂ ਲੈ ਕੇ ਸ਼ਾਮ ਦੇ 4:00 ਵਜੇ ਦੇ ਵਿਚਕਾਰ ਫੋਨ ਕਰੋ।
      - ਲਸੰਸ ਅਤੇ ਦਰਖ਼ਾਸਤ ਸੰਬੰਧੀ ਸਵਾਲ: (718) 391-5501
      - ਸੰਮਣ ਅਤੇ ਨਿਪਟਾਰੇ: (718) 391-5584
- ਮੁਕੱਦਮਾ (ਲੌਂਗ ਆਈਲੈਂਡ ਸਿਟੀ)
  - **ਸੁਣਵਾਈਆਂ**: OATH ਖੁੱਲ੍ਹਾ ਰਹੇਗਾ ਪਰ ਜੋ ਕੋਈ ਵੀ ਨਵੀਂ ਸੁਣਵਾਈ ਦੀ ਮਿਤੀ ਦੇ ਲਈ ਬੇਨਤੀ ਕਰ ਰਿਹਾ ਹੈ, ਉਸ ਲਈ ਸੁਣਵਾਈ ਦੀ ਮਿਤੀ ਨੂੰ ਦੁਬਾਰਾ ਨਿਰਧਾਰਤ ਕਰ ਰਿਹਾ ਹੈ। ਕਿਰਪਾ ਕਰਕੇ ਵਧੇਰੀ ਜਾਣਕਾਰੀ ਦੇ ਲਈ **OATH ਵੈੱਬਸਾਈਟ** 'ਤੇ ਜਾਓ।
  - **TLC ਨਿਪਟਾਰੇ**: ਕਿਰਪਾ ਕਰਕੇ ਨਿਪਟਾਰਿਆਂ ਦੀਆਂ ਸਾਰੀਆਂ ਬੇਨਤੀਆਂ ਦੇ ਲਈ settlements@tlc.nyc.gov 'ਤੇ ਈਮੇਲ ਕਰੋ। ਉਡੀਕ ਕਮਰੇ ਵਿੱਚ ਲੋਕਾਂ ਦੀ ਗਿਣਤੀ ਨੂੰ ਘਟਾਉਣ ਦੇ ਲਈ, TLC ਦੇ LIC ਦਫਤਰ ਵਿਖੇ ਨਿਪਟਾਰੇ ਦੀ ਇੱਛਾ ਲੈ ਕੇ ਆ ਰਹੇ ਵਿਅਕਤੀਆਂ ਨੂੰ ਵੱਖ-ਵੱਖ ਦਿਨ ਜਾਂ ਸਮੇਂ 'ਤੇ ਵਾਪਿਸ ਜਾਣ ਲਈ ਕਿਹਾ ਜਾਏਗਾ। ਮੁਕੱਦਮਾ ਸਟਾਫ ਦੂਰ ਰਹਿੰਦੇ ਹੋਏ ਨਿਪਟਾਰੇ ਦੀਆਂ ਬੇਨਤੀਆਂ ਦਾ ਪ੍ਰਬੰਧ ਕਰਨ ਲਈ ਉਪਲਬਧ ਹਨ।
- ਵਾਹਨ ਜਾਂਚਾਂ (ਵੁੱਡਸਾਈਡ)
  - **ਵਾਹਨ ਜਾਂਚਾ**: TLC ਦਾ ਵੁੱਡਸਾਈਟ ਜਾਂਚ ਦਫਤਰ ਖੁੱਲ੍ਹਾ ਅਤੇ ਕਾਰਜਸ਼ੀਲ ਹੈ। ਮੌਜੂਦਾ ਅਪਾਇੰਟਮੈਂਟਾਂ ਵਾਲੇ ਵਿਅਕਤੀਆਂ ਨੂੰ ਉਹਨਾਂ ਦੀ ਦੁਬਾਰਾ ਨਿਰਧਾਰਤ ਕੀਤੀ ਜਾਂਚ ਲਈ ਆਉਣਾ ਚਾਹੀਦਾ ਹੈ। ਉਲੰਘਣਾ ਦਾ ਨੋਟਿਸ ਪ੍ਰਾਪਤ ਮਾਲਕਾਂ ਨੂੰ ਤਰੁੱਟੀ ਨੂੰ ਸਹੀ ਕਰਨਾ ਚਾਹੀਦਾ ਹੈ ਅਤੇ ਨੋਟਿਸ 'ਤੇ ਲਿਖੇ ਅਨੁਸਾਰ ਦੁਬਾਰਾ ਜਾਂਚ ਲਈ ਹਾਜ਼ਰ ਹੋਣਾ ਚਾਹੀਦਾ ਹੈ।
- TLC ਦਾ ਬੀਵਰ ਸਟ੍ਰੀਟ ਦਫਤਰ ਕੇਵਲ ਅਪਾਇੰਟਮੈਂਟਾਂ ਸੰਬੰਧੀ ਮੁਲਾਕਾਤਾਂ ਲਈ ਖੁੱਲ੍ਹਾ ਹੈ।
- TLC ਦਾ ਸਟੇਟਨ ਆਈਲੈਂਡ ਦਫਤਰ ਬੁੱਧਵਾਰ ਨੂੰ ਸਵੇਰ ਦੇ 9 ਵਜੇ ਤੋਂ ਲੈ ਕੇ ਸ਼ਾਮ ਦੇ 4 ਵਜੇ ਤੱਕ ਖੁੱਲ੍ਹਾ ਹੋਵੇਗਾ, ਪਰ ਕੇਵਲ ਅਪਾਇੰਟਮੈਂਟ ਲੈ ਕੇ ਹੀ ਜਾਇਆ ਜਾ ਸਕਦਾ ਹੈ।